# ਆਸ਼ੀਰਵਾਦ

ਮੇਰੇ ਨਾਂ ਨਾਲ ਜੁੜੀਆ ਇਹ ਅੰਕ ਮੇਰੇ ਧਰਮ ਭਰਾਤਾ ਰਵਿੰਦਰ ਜੈਨ ਦੇ ਮੇਰੇ ਪ੍ਰਤੀ ਸਹਿਜ ਸਮਰੱਪਣ ਦਾ ਪ੍ਰਤੀਕ ਹੈ। ਇਹ ਪੁਰਸੋਤਮ ਪ੍ਰਗਿਆ ਦਾ ਪੰਜਵਾਂ ਅੰਕ ਸਾਡਾ ਦੋਹਾਂ ਰਾਹੀ ਪੰਜਾਬੀ-ਹਿੰਦੀ ਜੈਨ ਸਾਹਿਤ ਦੀ ਜਾਣਕਾਰੀ ਦਿੰਦਾ ਹੈ ! ਅੱਜ ਸਾਡੇ ਸਾਹਿਤਕ ਜੀਵਨ ਦੇ ਵੀਹ ਵਰ੍ਹੇ ਪੂਰੇ ਹੋ ਚੁੱਕੇ ਹਨ। ਇਹ ਸਾਰਾ ਸਾਹਿਤ ਜੈਨ ਸਾਧਵੀ, ਉਪ ਪ੍ਰਵਤਨੀ ਸ੍ਰੀ ਸਵਰਨ ਕਾਤਾਂ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਅਸੀ ਤਿਆਰ ਕੀਤਾ ਹੈ। ਮੇਰੇ ਧਰਮ ਭਰਾ ਰਵਿੰਦਰ ਜੈਨ ਦਾ ਇਹ ਸਮਰਪਣ ਜਿਥੇ ਉਸ ਦੇ ਪਆਰ ਦਾਂ ਪ੍ਰਤੀਕ ਹੈ ਉਥੇ ਇਹ ਅੰਕ ਸਾਨੂੰ ਸਾਹਿਤਕ ਯਾਤਰਾ ਜਾਰੀ ਰੱਖਣ ਦੀ ਡੂੰਘੀ ਪ੍ਰੇਰਣਾ ਦਿੰਦਾ ਹੈ। 31 ਮਾਰਚ 1991 ਨੂੰ ਰਵਿੰਦਰ ਜੈਨ ਦਾ ਸਮਰਪਣ, ਸਾਧਵੀ ਸ੍ਰੀ ਦਾ ਅਸੀਰਵਾਦ ਜੈਨ ਸਾਹਿਤ ਇਤਿਹਾਸ ਵਿਚ ਕ੍ਰਾਤੀਕਾਰੀ ਕਦਮ ਦੇ ਰੂਪ ਵਿਚ ਪ੍ਰਗਟ ਹੋਇਆ। ਇਹੋ ਸਬਦਾਂ ਨਾਲ ਮੈਂ ਧਰਮ ਭਰਾ ਨੂੰ ਸਮਰਪਣ ਦਿਵਸ ਤੇ ਸੁਭ ਕਾਮਣਾ ਭਰਿਆ ਅਸੀਰਵਾਦ ਭੇਜਦਾ ਹਾਂ।

ਸੁਭ ਚਿੰਤਕ

Purshottam Jain

(ਪੁਰਸੋਤਮ ਜੈਨ)

# ਸਮਰੱਪਣ

ਪੁਰਸ਼ੋਤਮ ਪ੍ਰਗਿਆ ਜੈਨ ਸੰਸਕ੍ਰਿਤੀ, ਸਾਹਿਤ, ਇਤਿਹਾਸ ਦੀ ਸੇਵਾ ਨੂੰ ਸਮਰਪਿੱਤ ਅੰਕ ਹੈ। ਮੇਰੇ ਜੀਵਨ ਵਿਚ 31 ਮਾਰਚ 1969 ਦਾ ਦਿਨ ਬਹੁਤ ਮਹੱਤਵ ਪੂਰਨ ਹੈ ਜਿੰਦਗੀ ਵਿਚ ਕੁਝ ਘਟਨਾਵਾਂ ਸਹਿਜ ਹੋ ਜਾਂਦੀਆਂ ਹਨ ਉਹਨਾਂ ਅਮਿਟ ਘਟਨਾਵਾਂ ਵਿਚ ਸਹਿਜ ਸਮਰੱਪਣ ਦੀ ਘਟਨਾ ਇਕ ਨਵਾ ਜੀਵਨ ਪ੍ਰਦਾਨ ਕਰਦੀ ਹੈ। ਇਹ ਘਟਨਾ ਪਿਛਲੇ ਜਨਮ ਦੇ ਸ਼ੁਭ ਕਰਮਾ ਦੇ ਪ੍ਰਗਟ ਹੋਣ ਤੇ ਹੀ ਸ਼ਹਿਜ ਉਪਜਦੀ ਹੈ। ਅਜੇਹੀ ਸਮਰੱਪਣ ਦੀ ਘਟਨਾ ਧਰਤੀ ਤੇ ਕਦੇ ਹੀ ਪੈਦਾ ਹੁੰਦੀ ਹੈ। ਇਸ ਦਿਨ ਮੈਨੂੰ ਮੇਰੇ ਗੁਰਦੇਵ ਸਾਹਿਬ ਸ੍ਰੀ ਪੁਰਸ਼ੋਤਮ ਜੈਨ ਪ੍ਰਾਪਤ ਹੋਏ। ਉਸ ਤੋਂ ਬਾਅਦ ਸਾਡੀ ਸਾਹਿਤਕ ਜੀਵਨ ਦੀ ਯਾਤਰਾ ਸੁਰੂ ਹੋਈ। ਅੱਜ ਮੇਰਾ ਜੀਵਨ ਦਾ ਹਰ ਪੱਖ ਮੇਰੇ ਸਾਹਿਬ ਦੀ ਦੇਣ ਹੈ। ਮੈਂ ਸਾਡੀ ਧਰਮ ਸਮਰੱਪਣ ਦੀ ਯਾਤਰਾ ਦਾ ਇਹ ਸਾਹਿਤ ਅੰਕ ਗੁਰੂਦੇਵ ਸਾਹਿਬ ਸ੍ਰੀ ਪੁਰਸੋਤਮ ਜੈਨ ਦੇ ਕਰ ਕਮਲਾਂ ਵਿਚ ਰਿਸਤੇ ਅਨੁਸਾਰ ਸਮਰਪਿਤ ਕਰਦਾ ਹਾਂ।

ਦਾਸ

ਜੈਨ ਭਵਨ 31-3-1991

ਰਵਿੰਦਰ ਜੈਨ

# ਸਾਡਾ ਸਾਹਿਤ

ਲੇਖਕ :- ਰਵਿੰਦਰ ਜੈਨ
ਪੁਰਸ਼ੋਤਮ ਜੈਨ

ਸੰਸਾਰ ਦੇ ਪ੍ਰਾਚੀਨ ਧਰਮ ਵਿਚ ਜੈਨ ਧਰਮ ਇਕ ਹੈ। ਜੈਨ ਧਰਮ ਵਿਚ 24 ਤੀਰਥੰਕਰਾਂ (ਧਰਮ ਸੰਸਥਾਪਕਾਂ) ਦੀ ਪ੍ਰੰਪਰਾ ਕਾਫੀ ਪ੍ਰਾਚੀਨ ਹੈ। ਹਰ ਤੀਰਥੰਕਰ ਸਾਧੂ, ਸਾਧਵੀ, ਉਪਾਸਕ ਤੇ ਉਪਾਸਿਕਾ ਰੂਪੀ ਚਹੁ ਮੁਖੀ ਤੀਰਥ ਦੀ ਸਥਾਪਨਾ ਕਰਦਾ ਹੈ। ਇਸ ਧਰਮ ਰੂਪੀ ਤੀਰਥ ਦੀ ਸਥਾਪਨਾ ਦਾ ਸੰਸਥਾਪਕ ਹੋਣ ਕਾਰਨ ਉਸ ਨੂੰ ਤੀਰਥੰਕਰ ਆਖਦੇ ਹਨ। ਵਰਤਮਾਨ ਭਰਤ ਦੇਸ਼ ਵਿਚ ਭਗਵਾਨ ਰਿਸ਼ਵ ਦੇਵ ਤੋਂ ਲੈ ਕੇ ਭਗਵਾਨ ਮਹਾਵੀਰ ਤੱਕ 24 ਤੀਰਥੰਕਰ ਇਸੇ ਕੜੀ ਦਾ ਸਿੱਟਾ ਹਨ।

ਤੀਰਥੰਕਰਾਂ ਦੀ ਧਰਮ ਸਭਾ ਨੂੰ ਸਮੋਸਰਨ ਆਖਦੇ ਹਨ ਜਿਥੇ ਬੈਠਕੇ ਦੇਵਤੇ, ਮਨੁੱਖ, ਪਸ਼ੂ, ਪੰਛੀ ਤੀਰਥੰਕਰਾ ਦਾ ਉਪਦੇਸ਼ ਸੁਣਦੇ ਹਨ। ਤੀਰਥੰਕਰ ਲੋਕ ਭਾਸ਼ਾ ਵਿਚ ਉਪਦੇਸ ਕਰਦੇ ਹਨ। ਇਹੋ ਕਾਰਣ ਹੈ ਕਿ ਅੰਤਮ ਤੀਰਥੰਕਰ ਵਰਧਮਾਨ ਮਹਾਵੀਰ ਦਾ ਧਰਮ ਉਪਦੇਸ ਸੰਸਕ੍ਰਿਤ ਭਾਸ਼ਾ ਵਿਚ ਨਾ ਹੋਕੇ ਅਰਧ ਮਗਧੀ ਵਿਚ ਹੈ। ਇਹ ਭਾਸ਼ਾ ਪੰਜਾਬੀ ਭਾਸ਼ਾ ਦੇ ਕਾਫੀ ਕਰੀਬ ਹੈ। ਸੰਸਕ੍ਰਿਤ ਨਾਟਕ ਕਾਰਾਂ ਨੇ ਇਸਤਰੀ ਪਾਤਰਾ ਦੀ ਭਾਸ਼ਾ ਵੱਜੋਂ ਇਸ ਦਾ ਇਸਤੇਮਾਲ ਕੀਤਾ ਹੈ।

ਪਰਾਤਨ ਕਾਲ ਤੋਂ ਹੀ ਜੈਨ ਸਿਧਾਤਾਂ ਦਾ ਸਥਾਨਕ ਭਾਰਤੀ ਭਾਸਾਵਾ ਵਿਚ ਕਾਫੀ ਵਿਕਾਸ਼ ਹੋਇਆ ਹੈ ਅਪਭਰੰਸ ਭਾਸ਼ਾ ਵਿਚ ਵੀ ਕਾਫੀ ਸਾਹਿਤ ਜੈਨ ਵਿਦਵਾਨਾਂ ਦੀ ਦੇਣ ਹੈ ਦੱਖਣ ਭਾਰਤ ਦੀਆਂ ਕਈ ਭਾਸਾਵਾ ਦਾ ਪੁਰਾਤਨ ਸਾਹਿਤ ਵੀ ਜੈਨ ਧਰਮ ਨਾਲ ਸੰਭਧਿਤ ਹੈ। ਗੁਜ਼ਰਾਤ ਵਿਚ ਗੁਜਰਾਤੀ ਸਾਹਿਤ ਪੁਰਾਤਨ ਸਮੇਂ ਤੋਂ ਮਿਲਦਾ ਹੈ।
ਇਸੇ ਤਰ੍ਹਾਂ ਸੰਸਕ੍ਰਿਤ ਫਾਰਸੀ, ਉਰਦੂ, ਬੰਗਾਲੀ ਅਤੇ ਹਿੰਦੀ ਭਾਸਾ ਵਿਚ ਜੈਨ ਸਾਹਿਤ ਮਿਲਦਾ ਹੈ।

ਪੰਜਾਬੀ ਭਾਸ਼ਾ ਵਿਚ ਅਜ ਤੱਕ ਕੋਈ ਜੈਨ ਸਾਹਿਤ ਨਹੀ ਲਿਖਿਆ ਗਿਆ। ਆਖਰ ਇਸ ਕੰਮ ਵਲ ਸਾਡਾ ਧਿਆਨ ਗਿਆ। ਇਸ ਕੰਮ ਵਿਚ ਸਾਡੀ ਪ੍ਰੇਰਨਾ ਦਾ ਮੁਖ ਕੇਂਦਰ ਬਣੇ ਪ੍ਰਵਤਕ ਭੰਡਾਰੀ ਸ੍ਰੀ ਪਦਮ ਚੰਦਰ ਜੀ ਮਹਾਰਾਜ ਅਤੇ ਉਪ ਪ੍ਰਵਤਨੀ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ਼। ਭਾਵੇਂ ਇਹ ਕੰਮ 1970 ਤੋਂ ਅਚਾਰਿਆ ਤੁਲਸੀ ਜੀ ਦੇ ਚੇਲੇ ਮੁਨੀ ਹਰੀਸ ਜੀ ਦੀ ਇਕ ਕਿਤਾਬ ਇਕ ਸਮੱਸਿਆ–ਇਕ ਹੱਲ ਦੇ ਅਨੁਵਾਦ ਤੋਂ ਸ਼ੁਰੂ ਹੋ ਗਿਆ ਸੀ ਪਰ ਇਸਨੂੰ ਅਸਲ ਰੂਪ 1972 ਦੇ ਸਾਲ ਵਿਚ ਦਿਤਾ ਜਾ ਸਕਿਆ। ਇਸ ਕਾਲ ਵਿਚ ਅਸੀ ਜੈਨ ਧਰਮ ਦੇ ਚਾਰੇ ਫਿਰਕੇ ਦੇ ਪ੍ਰਮੁਖ ਵਿਦਵਾਨ ਅਚਾਰਿਆ ਸ੍ਰੀ ਤੁਲਸੀ ਜ਼ੀ, ਅਚਾਰਿਆ ਸ੍ਰੀ ਸੁਸੀਲ ਕੁਮਾਰ ਜੀ ਉਪਾਧਿਆ ਸ੍ਰੀ ਅਮਰ ਮੁਨੀ ਜੀ ਮੁਨੀ ਸ੍ਰੀ ਜੈ ਚੰਦ ਜੀ, ਮੁਨੀ ਸ੍ਰੀ ਵਰਧਮਾਨ ਜੀ, ਯੁਵਾਚਾਰਿਆ ਸ੍ਰੀ ਮਹਾਪ੍ਰਗਿਆ, ਯੁਵਾਚਾਰਿਆ ਸ੍ਰੀ ਸ਼ਿਵ ਮੁਨੀ ਜੀ ਅਤੇ ਮਾਤਾ ਗਿਆਨ ਮਤੀ ਦਾ ਆਸੀਰਵਾਦ ਪ੍ਰਾਪਤ ਕਰ ਚੁਕੇ ਸੀ। ਸਵਰਗੀ ਪ੍ਰਵਤਕ ਸ੍ਰੀ ਫੂਲ ਚੰਦ ਜੀ ਮਹਾਰਾਜ, ਸ੍ਰੀ ਰਤਨ ਮੁਨੀ ਜੀ ਸ੍ਰੀ

ਤਿਰਲੋਕੀ ਮੁਨੀ ਜੀ ਸ੍ਰੀ ਗਿਆਨ ਮੁਨੀ ਜੀ, ਅਚਾਰਿਆ ਸਮੁਦਰ ਵਿਜੈ, ਅਚਾਰਿਆ ਵਿਜੈ ਇੰਦਰ ਸੂ ਰ ਅਚਾਰਿਆ ਸ੍ਰੀ ਵਿਮਲ ਮੁਨੀ ਜੀ ਇਨ੍ਹਾਂ ਪੁਸਤਕਾਂ ਨੂੰ ਰਚਨ ਵਿਚ ਸਾਡੇ ਰਾਹ ਵਿਖਾਉਣ ਵਾਲੇ ਬਣੇ।

---

[illegible]

ਵਿਮੋਚਨ ਡਾਕਟਰ ਗੁਰਨਾਮ ਸਿੰਘ ਤੀਰ ਨੇ ਦਿਲੀ ਵਿਖੇ ਕੀਤਾ

# ਸ੍ਰੀ ਉਪਾਸਕ ਦਸ਼ਾਗ ਸੂਤਰ

ਇਸ ਗਰੰਥ ਦੀ ਗਿਣਤੀ 12 ਅੰਗਾ ਵਿਚ ਆਉਦੀ ਹੈ। ਇਸ ਗਰੰਥ ਵਿਚ ਭਗਵਾਨ ਮਹਾਵੀਰ ਦੇ 10 ਪ੍ਰਮੁਖ ਉਪਾਸਕਾ ਦਾ ਵਰਣਨ ਹੈ। ਹਰ ਉਪਾਸਕ ਦੇ ਧਰਮ ਵਿਚ ਦਰਿੜ ਰਹਿਣ ਦੇ ਜਿਕਰ ਦੇ ਨਾਲ 2 ਉਪਾਸਕ ਦੇ 12 ਵਰਤਾਂ ਦੀ ਵਿਆਖਿਆ ਹੈ। ਇਸ ਗਰੰਥ ਦੀ ਭਾਸ਼ਾ ਅਰਧ ਮਾਗਧੀ ਹੈ। ਇਸ ਦੀ ਭੂਮਿਕਾ ਸਵਰਸਵਾਗੀ ਸ੍ਰੀ ਅਗਰ ਚੰਦ ਜੀ ਨਾਹਟਾ ਨੇ ਲਿਖੀ ਹੈ। ਇਸ ਦੇ ਪੰਨੇ 204 ਹਨ। ਇਸ ਦਾ ਵਿਮੋਚਨ ਵਿਸ਼ਵ ਧਰਮ ਸਮੇਲਨ ਦੇ ਮੌਕੇ ਤੇ ਘੱਟ ਗਿਣਤੀ ਅਯੋਗ ਦੇ ਮੁਖੀ ਡਾ: ਗੋਪਾਲ ਸਿੰਘ ਨੇ ਦਿੱਲੀ ਕੀਤਾ। ਇਸ ਮੌਕੇ ਤੇ ਅਚਰਿਆ ਸ੍ਰੀ ਸੁਸ਼ੀਲ ਕੁਮਾਰ ਜੀ ਤੋਂ ਛੁਟ ਸੰਸਾਰ ਦੇ ਅਨੇਕਾਂ ਧਰਮ ਅਚਰਿਆ ਮੌਜੂਦ ਸਨ। ਜਨ ਸਹਿਤ, ਜੈਨ ਜਨਰਲ, ਅਮਰ ਭਰਤੀ, ਆਤਮ ਰਸਮੀ ਵਿਚ ਇਸ ਤੇ ਸਮਿਖਿਆ ਛਪ ਚੁੱਕੀ ਹੈ।

# ਭਗਵਾਨ ਮਹਾਵੀਰ

ਪੰਜਾਬੀ ਭਾਸ਼ਾ ਵਿਚ ਇਸ ਪੁਸਤਕ ਤੋਂ ਪਹਿਲਾਂ ਕੋਈ ਵੀ ਸੁਤੰਤਰ ਪੁਸਤਕ ਭਗਵਾਨ ਮਹਾਵੀਰ ਦੇ ਜੀਵਨ ਅਤੇ ਘਟਨਾਵਾਂ ਉਪਰ ਨਹੀ ਸੀ। ਅਸੀ ਹਿੰਦੀ, ਸੰਸਕ੍ਰਿਤ, ਪ੍ਰਾਕ੍ਰਿਤ ਗੁਜਰਾਤੀ ਤੇ ਉਰਦੂ ਸਾਹਿਤ ਦੇ 100 ਤੋਂ ਜਿਆਦਾ ਜੀਵਨ ਚਰਿੱਤਰ ਪੜ੍ਹਨ ਤੋਂ ਬਾਅਦ ਇਹ ਪੁਸਤਕ ਤਿਆਰ ਕੀਤੀ। ਪੁਸਤਕ ਤਿਆਰ ਕਰਨ ਵੇਲੇ ਸ਼ਵੇਤਾਂਵਰ ਤੇ ਦਿਗੰਵਰ ਪ੍ਰਪਰਾਵਾਂ ਦਾ ਪੂਰਾ ਖਿਆਲ ਰਖਿਆ ਗਿਆ। ਇਸ ਪੁਸਤਕ ਦੀ ਭੂਮਿਕਾ ਰਾਸਟਰ ਸੰਤ ਉਪਾਧਿਆ ਸ੍ਰੀ ਅਮਰ ਮੁਨੀ ਜੀ ਨੇ ਲਿਖੀ ਪੁਸਤਕ ਵਿਸ਼ਵ ਪੰਜਾਬੀ ਲੇਖਕ ਸਮੇਲਨ ਦਿੱਲੀ ਸਮੇਂ ਸਾਰੀ ਦੁਨੀਆਂ ਵਿਚ ਭੇਜੀ ਗਈ। ਇਸ ਪੁਸਤਕ ਦਾ ਵਿਮੋਚਨ ਤੀਸਰੀ ਇੰਟਰਨੈਸ਼ਨਲ ਜੈਨ ਕਾਨਫਰੰਸ ਸਮੇਂ ਦਿਲੀ ਵਿਖੇ ਅਚਾਰਿਆ ਸ੍ਰੀ ਸੁਸੀਲ ਕੁਮਾਰ ਜੀ ਨੇ ਕੀਤਾ। ਇਸ ਪੁਸਤਕ ਦੇ ਪੰਨੇ 210 ਹਨ। ਇਸ ਪੁਸਤਕ ਦੀ ਸਮਿਖਿਆ ਦੇ ਪੰਜਾਬੀ ਟ੍ਰਿਬਿਊਨ, ਅਜੀਤ ਅਤੇ ਪੰਜਾਬੀ ਯੂਨੀਵਰਸਿਟੀ ਦੇ ਧਾਰਮਿਕ ਵਿਭਾਗ ਦੇ ਰਸਾਲੇ ਵਿਚ ਛਪ ਚੁੱਕੀ ਹੈ।

# ਭਾਰਤੀ ਸਾਹਿਤ ਵਿਚ ਭਗਵਾਨ ਮਹਾਵੀਰ

ਪੁਰਾਤਨ ਸਾਹਿਤ ਵਿਚ ਭਗਵਾਨ ਮਹਾਵੀਰ ਨਾਲ ਸੰਬੰਧਿਤ ਸਾਹਿਤ ਦਾ ਇਸ ਛੋਟੀ ਜਿਹੀ ਪੁਸਤਕ ਵਿਚ ਜਿਕਰ ਹੈ ਇਸ ਦਾ ਵਿਮੋਚਨ ਉਤਰ ਭਾਰਤ ਦੇ ਪ੍ਰਵਤਕ ਸਵਰਗੀ ਸਾਂਤੀ ਸਵਰੂਪ ਜੀ ਮਹਾਰਾਜ ਨੇ ਕੀਤਾ। ਇਸ ਦੇ ਪੰਨੇ 24 ਹਨ।

# ਭਗਵਾਨ ਮਹਾਵੀਰ ਦੇ ਚੋਣਵੇਂ ਉਪਦੇਸ਼

ਇਸ ਪੁਸਤਕ ਵਿਚ ਸ਼ਵੇਤਾਂਵਰ-ਦਿਗੰਵਰ ਗਰੰਥਾਂ ਵਿਚੋਂ ਭਗਵਾਨ ਮਹਾਵੀਰ ਦੇ ਚੋਣਵੇ ਉਪਦੇਸਾਂ ਦਾ ਪੰਜਾਬੀ ਅਨੁਵਾਦ ਹੈ। ਇਸ ਦੇ ਪੰਨੇ 27 ਹਨ। ਇਸ ਦਾ ਵਿਮੋਚਨ ਵੀ ਸਵਰਗੀ ਪ੍ਰਵਤਕ ਸ੍ਰੀ ਸਾਂਤੀ ਸਵਰੂਪ ਜੀ ਮਹਾਰਾਜ ਨੇ ਕੀਤਾ।

ਤਿਰਲੋਕ ਮੁਨੀ ਜੀ ਸ੍ਰੀ ਗਿਆਨ ਮੁਨੀ ਜੀ, ਅਚਾਰਿਆ ਸਮੁਦਰ ਵਿਜੈ, ਅਚਾਰਿਆ ਵਿਜੈ ਇੰਦਰ ਸੂਰੀ ਅਚਾਰਿਆ ਸ੍ਰੀ ਵਿਮਲ ਮੁਨੀ ਜੀ ਇਨ੍ਹਾਂ ਪੁਸਤਕਾਂ ਨੂੰ ਰਚਨ ਵਿਚ ਸਾਡੇ ਰਾਹ ਵਿਖਾਉਣ ਵਾਲੇ ਬਣੇ।

ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਸਾਡੇ 20 ਸਾਲਾਂ ਤੋਂ ਪ੍ਰੇਰਕ ਰਹੇ ਹਨ। ਉਹ ਆਪ ਪੰਜਾਬੀ ਦੀ ਮਹਾਨ ਵਿਦੂਸ਼ੀ ਹਨ। 25ਵੀਂ ਮਹਾਵੀਰ ਨਿਰਵਤਣ ਸ਼ਤਾਵਦੀ ਕਮੇਟੀ (ਪੰ:)ਦੀ ਦੇਖ ਰੇਖ ਹੇਠ ਜੋ ਅਸੀ ਪੰਜਾਬੀ ਸਾਹਿਤ ਰਚਿਆ, ਉਸ ਦੀ ਜਾਣਕਾਰੀ ਇਸ ਤਰ੍ਹਾਂ ਹੈ।

# ਇਕ ਸਮਸਿਆ-ਇਕ ਹੱਲ

ਇਹ ਪੰਜਾਬੀ ਵਿਚ ਪਹਿਲੀ ਅਨੁਵਾਦ ਦੀ ਛੋਟੀ ਕਿਤਾਬ ਹੈ। ਇਸ ਵਿਚ ਜੈਨ ਧਰਮ ਤੇ ਅਣੂਵਰਤ ਦੀ ਸੰਖੇਪ ਜਾਣਕਾਰੀ ਹੈ। ਇਸ ਦੇ ਪੰਨੇ 98 ਹਨ।

# ਭਗਵਾਨ ਮਹਾਵੀਰ : ਸਿਧਾਂਤ ਤੇ ਉਪਦੇਸ਼

ਭਗਵਾਨ ਮਹਾਵੀਰ ਦੇ 2500 ਸਾਲਾ ਦੇ ਸ਼ੁਭ ਅਵਸਰ ਤੇ ਇਹ ਪੁਸਤਕ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਪ੍ਰੇਰਨਾ ਨਾਲ ਪ੍ਰਕਾਸ਼ਿਤ ਹੋਈ। ਇਸ ਦਾ ਦੂਸਰਾ ਸੰਸਕਰਣ ਦੇ ਪ੍ਰੇਰਕ ਭੰਡਾਰੀ ਸ੍ਰੀ ਪਦਮ ਚੰਦ ਜੀ ਬਣੇ। ਇਸ ਪੁਸਤਕ ਦੇ ਮੂਲ ਲੇਖਕ ਉਪਾਧਿਆ ਸ੍ਰੀ ਅਮਰ ਮੁਨੀ ਜੀ ਹਨ। ਇਹ ਪਾਕੇਟ ਸਾਈਜ ਦੀ ਕਿਤਾਬ ਹੈ। ਇਸ ਵਿਚ ਭਗਵਾਨ ਮਹਾਵੀਰ ਜੈਨ ਧਰਮ, ਜੈਨ ਦਰਸ਼ਨ, ਜੈਨ ਗਰੰਥਾਂ ਦੇ ਚੋਣਵੇ ਸਲੋਕਾ ਦਾ ਅਨੁਵਾਦ ਹੈ। ਇਸ ਦਾ ਵਿਮੋਚਨ ਡਿਪਟੀ ਕਮਿਸ਼ਨਰ ਬਠਿੰਡਾ ਨੇ 1972 ਵਿਚ ਮਾਨਸਾ ਵਿਖੇ ਕੀਤਾ। ਇਸ ਪੁਸਤਕ ਦੇ ਪੰਨੇ 108 ਹਨ। ਇਸ ਦੀ ਸਮਿਖਿਆ ਅਮਰ ਭਾਰਤੀ, ਆਤਮ ਰਸਮੀ ਵਿਚ ਛਪ ਚੁਕੀ ਹੈ।

# ਸ੍ਰੀ ਉਤਰਾਧਿਐਨ ਸੂਤਰ

ਸ੍ਰੀ ਉਤਰਾਧਿਐਨ ਜੈਨ ਧਰਮ ਦਾ ਸਾਰ ਗਰੰਥ ਕਿਹਾ ਜਾ ਸਕਦਾ ਹੈ। ਇਸ ਵਿਚ ਭਗਵ ਨ ਮਹਾਵੀਰ ਦਾ ਆਖਰੀ ਉਪਦੇਸ ਦਰਜ ਹੈ। ਜੋ ਉਨਾਂ ਪਾਵਾਪੁਰੀ ਵਿਖੇ 527 ਈ.ਪੂ ਦਿਤਾ ਸੀ। ਇਹ ਉਤਰਾਧਿਐਨ ਦਾ ਹੀ ਨਹੀ, ਬਲਕਿ ਕਿਸੇ ਅਰਧ ਮਾਗਧੀ ਗਰੰਥ ਦਾ ਪਹਿਲਾ ਪੰਜਾਬੀ ਅਨੁਵਾਦ ਹੈ। ਇਸ ਦੀ ਭੂਮਿਕਾ ਸਵਰਗਵਾਸੀ ਜੈਨ ਵਿਦਵਾਨ ਸ੍ਰੀ ਅਗਰ ਚੰਦ ਨਾਹਟਾ ਬੀਕਾਨੇਰ ਨੇ ਲਿਖੀ ਸੀ। ਇਸ ਵਿਚ ਮੂਲ ਸਲੋਕ ਦਾ ਅਰਥ ਟੀਕਾ, ਪੰਜਾਬੀ ਸੰਖੇਪ ਵਿਆਖਿਆ ਦਰਜ ਹੈ। ਇਸ ਪੁਸਤਕ ਦੇ ਪੰਨੇ 419+55 ਹਨ ਇਸ ਗਰੰਥ ਦਾ ਵਿਮੋਚਨ 1976 ਨੂੰ ਪੰਜਾਬ ਦੇ ਸਵਰਗਵ ਸੀ ਰਾਜਪਾਲ ਸ੍ਰੀ ਜੈ ਸੁਖਲਾਲ ਹਥੀ ਨੇ ਪੰਜਾਬੀ ਯੂਨੀਵਰਸਿਟੀ ਵਿਖੇ, ਜੈਨ ਚੇਅਰ ਦੇ ਉਦਘਾਟਨ ਸਮੇਂ ਕੀਤਾ। ਇਸ ਗਰੰਥ ਦੀ ਸਮਿਖਿਆ ਅਜੀਤ, ਜੈਨ ਜਰਨਲ, ਵਿਜੈ ਨੰਦ, ਆਤਮ ਰਸ਼ਮੀ, ਸ੍ਰੀ ਅਮਰ ਭਾਰਤੀ, ਜੈਨ ਐਟੀ ਕਿਊਟੀ ਛਪ ਚੁਕੀ ਹੈ।

# ਜੈਨ ਸੰਸਕ੍ਰਿਤੀ ਤੇ ਸਾਹਿਤ ਦੀ ਰੂਪ ਰੇਖਾ

ਇਸ ਪੁਸਤਕ ਵਿਚ ਜੈਨ ਧਰਮ ਦੀ ਪ੍ਰਾਚੀਨਤਾ, ਦੂਸਰੇ ਧਰਮਾ ਦੇ ਗਰੰਥਾਂ ਦੇ

ਅਧਾਰ ਤੇ ਸਿਧ ਕੀਤੀ ਗਈ ਹੈ। ਦੂਸਰੇ ਪਾਠ ਵਿਚ ਸ਼ਵੇਤਾਂਵਰ ਤੋਂ ਦਿਗੰਵਰ ਜੈਨ ਸਾਹਿਤ ਦੀ ਸੂਚੀ ਅਤੇ ਸਾਹਿਤ ਦਾ ਇਤਿਹਾਸ ਦਰਜ ਹੈ । ਇਸ ਪੁਸਤਕ ਦੇ ਪੰਨੇ 15 ਹਨ। ਇਸ ਦਾ ਵਿਮੋਚਨ ਡਾਕਟਰ ਗੁਰਨਾਮ ਸਿੰਘ ਤੀਰ ਨੇ ਦਿੱਲੀ ਵਿਖੇ ਕੀਤਾ।

# ਭਗਵਾਨ ਮਹਾਵੀਰ ਦੇ ਸਮਕਾਲੀ ਮਹਾਪੁਰਸ਼

ਇਹ ਪੰਜਾਬੀ ਜੈਨ ਇਤਿਹਾਸਕ ਕਹਾਣੀਆਂ ਹਨ ਜੋ ਸੰਗਰੂਰ ਤੋਂ ਛਪਦੇ ਰੋਜਾਨਾ ਕੌਮੀ ਦੇਣ ਪੰਜਾਬੀ ਅਖਬਾਰ ਵਿਚ ਛਪ ਚੁਕੀਆਂ ਹਨ ! ਇਸ ਦੇ ਅਖਵਾਰੀ ਪੰਨੇ 190 ਹਨ।

# ਨਵਕਾਰ ਮਹਾਮੰਤਰ

ਨਵਕਾਰ ਮਹਾਮੰਤਰ ਜੈਨ ਧਰਮ ਦਾ ਮੂਲ ਮੰਤਰ ਹੈ। ਇਨ ਵਿੱਚ ਜੈਨ ਧਰਮ ਦਾ ਸਾਰ ਆ ਜਾਂਦਾ ਹੈ। ਜੈਨ ਧਰਮ ਵਿੱਚ ਨਵਕਾਰ ਮੰਤਰ ਹਿੰਦੂਆਂ ਦੇ ਗਾਇਤਰੀ ਮੰਤਰ ਦੀ ਤਰ੍ਹਾਂ ਪੜ੍ਹਿਆ ਜਾਂਦਾ ਹੈ ਇਸ ਪੁਸਤਕ ਵਿੱਚ ਅਰਿਹਤ, ਸਿੱਧ, ਅਚਾਰਯਾ, ਉਪਾਧਿਆ ਤੇ ਸਾਧੂ ਦੇ ਗੁਣ ਤੇ ਪਹਿਚਾਣ ਨਵਕਾਰ ਮੰਤਰ ਦੇ ਅਧਾਰ ਤੇ ਦਿੱਤੀ ਗਈ ਹੈ। ਇਹ ਛੋਟੀ ਜੇਹੀ ਕਿਤਾਬ ਹੈ ਪੰਨੇ 12 ਹਨ।

# ਸਵਰਨਸੁਧਾ

ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੁਆਰਾ ਤਿਆਰ ਜੈਨ ਪੂਜਾ ਵਿਧੀ, ਪਾਠ ਦਾ ਪੰਜਾਬੀ ਰੂਪਾਂਤਰ ਗੁਟਕੇ ਰੂਪ ਵਿਚ ਛਪਾਇਆ ਹੈ ਤਾਂ ਕਿ ਪੇਂਡੂ ਜੈਨ ਭਰਾ ਪੂਜਾ ਸਮਾਇਕ ਕਰ ਸਕਣ। ਇਨਦੇ 35 ਪੰਨੇ ਹਨ। ਇਸ ਵਿਮੋਚਨ ਪਿੰਡ ਕਾਲਝਰਾਨੀ ਵਿਖੇ ਸਾਧਵੀ ਸ੍ਰੀਸਵਰਨ ਕਾਂਤਾ ਜੀ ਮਹਾਰਾਜ ਨੇ ਖੁਦ ਕੀਤਾ। ਅਸੀ ਇਸ ਦਾ ਸੰਪਾਦਨ ਕੀਤਾ ਹੈ।

# ਪ੍ਰਸ਼ਨੋਤਰ ਰਤਨ ਮਾਲਿਕਾ ਅਤੇ ਅਪਰਾ ਪ੍ਰਸ਼ਨੋਤਰ ਰਤਨ ਮਾਲਿਕਾ

ਇਹ ਦੋ ਛੋਟੇ ਸੰਸਕ੍ਰਿਤ ਦੇ ਨੀਤੀ ਗਰੰਥ ਹਨ। ਇਹਨਾਂ ਦਾ ਪੰਜਾਬੀ ਅਨੁਵਾਦ ਪਹਿਲੀ ਵਾਰ ਅਸੀਂ ਕੀਤਾ। ਇਸਦੇ ਪੰਨੇ 25 ਹਨ।

# ਅਨਮੋਲ ਬਚਨ

ਜੈਨ ਸਾਧਵੀ ਉਪ ਪ੍ਰਵਤਨੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਜੈਨ ਧਰਮ ਇਤਿਹਾਸ ਤੇ ਸਾਹਿਤ ਤੇ ਮਹਾਨ ਵਿਦਵਾਨ ਹਨ। ਆਪ ਨੇ ਹਿੰਦੂ, ਜੈਨ-ਬੁੱਧ ਗਰੰਥਾਂ ਵਿੱਚ ਚੋਣਵੇਂ ਸਲੋਕਾਂ ਦਾ ਪੰਜਾਬੀ ਅਨੁਵਾਦ ਕੀਤਾ। ਇਸ ਗਰੰਥ ਦਾ ਸੰਪਾਦਨ ਅਸੀਂ ਕੀਤਾ ਹੈ। ਇਸ ਦਾ ਵਿਮੋਚਨ ਸ: ਐਸ. ਐਸ. ਹੰਸਪਾਲ ਮੈਂਬਰ ਰਾਜ ਸਭਾ ਨੇ ਦਿੱਲੀ ਵਿਖੇ ਕੀਤਾ ਸੀ। ਇਸਦੇ ਪੰਨੇ 108 ਹਨ।

# ਪੁਰਾਤਨ ਪੰਜਾਬ ਵਿਚ ਜੈਨ ਧਰਮ

ਇਹ ਕਿਤਾਬ ਪ੍ਰਾਚੀਨ ਪੰਜਾਬ ਵਿੱਚ ਜੈਨ ਧਰਮ ਦੀ ਸਥਿਤੀ ਦਰਸਾਂਦੀ ਹੈ। ਇਹ ਸੰਸਾਰ ਦੀ ਇਸ ਵਿਸ਼ੇ ਤੇ ਇੱਕੋ ਇੱਕ ਕਿਤਾਬ ਹੈ। ਜਿਸ ਵਿੱਚ ਪੁਰਾਤਤਵ, ਭਾਰਤੀ ਸ਼ਾਹਿਤ, ਪੱਟਾਵਲੀਆਂ ਰਾਹੀਂ ਭਾਰਤੀ ਇਤਿਹਾਸ ਦੇ ਅਨਜਾਨ ਪੰਨਿਆਂ ਤੇ ਰੋਸ਼ਨੀ ਪਾਈ ਗਈ ਹੈ। ਇਹ ਇੱਕ ਹਵਾਲਾ ਕਿਤਾਬ ਹੈ। ਇਸਦੇ ਪੰਨੇ 235 ਤੇ 15 ਚਿੱਤਰ ਹਨ। ਇਸ ਦਾ ਵਿਮੋਚਨ 27 ਫਰਵਰੀ, 1987 ਨੂੰ ਭਾਰਤ ਦੇ ਰਾਸਟਰਪਤੀ ਗਿਆਨੀ ਜ਼ੈਲ ਸਿੰਘ ਜੀ ਨੇ ਕੀਤਾ ਸੀ। ਇਸ ਕਿਤਾਬ ਦੀ ਸਮੀਖਿਆ ਪੰਜਾਬੀ ਯੂਨੀਵਰਸਿਟੀ ਦੇ ਜਰਨਲ, ਅਜ਼ੀਤ ਤੇ ਪੰਜਾਬੀ ਟ੍ਰਿਬਿਊਨ ਵਿੱਚ ਛਪ ਚੁੱਕੀ ਹੈ। ਦਿੱਲੀ ਦੇ ਸਮਦਰਸ਼ੀ ਪੱਤ੍ਰਿਕਾ ਨੇ ਜੂਨ 1990 ਦੇ ਅੰਕ ਵਿੱਚ ਪੰਜਾਬ ਵਾਰੇ ਇਸ ਪੱਤ੍ਰਿਕਾ ਵਿੱਚ ਸਾਮੱਗਰੀ ਛਾਪੀ ਹੈ। ਇਸ ਪੁਸਤਕ ਦੇ ਵਿਮੋਚਨ ਸਮੇ ਅਚਾ-ਰਿਆ ਸ੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ, ਸ੍ਰੀ ਓ. ਪੀ. ਆਨੰਦ ਸਮੇਤ ਅਨੇਕਾਂ ਵਿਦਵਾਨਾਂ ਰਾਸਟਰਪਤੀ ਭਵਨ ਵਿਚ ਮਾਜੂਦ ਸਨ। ਇਸ ਸਮੇਂ 25ਵੀ ਮਹਾਵੀਰ ਸਤਾਵਦੀ ਸਮਿਤੀ ਪੰਜਾਬ ਰਾਹੀ ਤਿਆਰ ਸਨਮਾਨ ਜੈਨ ਜਿਤ੍ਰੀ ਜੈਨ ਸਾਧਵੀ ਸ੍ਰੀ ਸਵਰਨ ਕਾਂਤਾਂ ਜੀ ਮਹਾਰਾਜ ਨੂੰ ਦੇਣ ਦੀ ਘੋਸਨਾ ਰਾਸਟਰਪਤੀ ਰਾਂਹੀਂ ਚੱਦਰ ਦੇ ਰੂਪ ਵਿੱਚ ਹੋਈ। ਅਚਾਰਿਆ ਸ੍ਰੀ ਸੁਸ਼ੀਲ ਕੁਮਾਰ ਜੀ ਮਹਾਰਾਜ ਦਾ ਸਨਮਾਨ ਰਾਸਟਰਪਤੀ ਜੀ ਨੇ ਆਪ ਕੀਤਾ। ਇਸ ਪ੍ਰਕਾਰ ਪੁਰਸ਼ੋਤਮ ਜੈਨ (ਲੇਖਕ) ਨੂੰ ਸਮੋ-ਨਪਾਸਕ ਪਦ ਦੀ ਚਾਦਰ ਵੀ ਰਾਸਟਰਪਤੀ ਹੋਰਾਂ ਭੇਟ ਕੀਤੀ।

# ਜੈਨ ਧਰਮ - ਇੱਕ ਸੰਖੇਪ ਜਾਣਕਾਰੀ

ਕਾਫੀ ਸਮੇਂ ਤੋਂ ਜੈਨ ਧਰਮ ਦੇ ਸਿਧਾਤਾਂ ਦੇ ਅਧਿਐਨ ਲਈ ਕੋਈ ਸੁਤੰਤਰ ਪੁਸਤਕ ਨਹੀਂ ਸੀ। ਸ੍ਰੀ ਸੂਤਰ ਕ੍ਰਿਤਾਂਗ ਸੂਤਰ ਦੇ ਪੰਜਾਬੀ ਅਨੁਵਾਦ ਸਮੇਂ ਇਹ ਘਾਟ ਕਾਫੀ ਮਹਿਸੂਸ ਹੋਈ। ਆਖਰ ਇੱਕ ਪੁਸਤਕ ਤਿਆਰ ਹੋਈ ਇਸ ਦੇ ਪੰਨੇਂ 250 ਹਨ। ਇਸ ਪੁਸਤਕ ਤੇ ਪੰਜਾਬੀ ਟ੍ਰਿਬਿਊਨ ਵਿੱਚ ਸਮੀਖਿਆ ਛਪ ਚੁੱਕੀ ਹੈ।

# ਸ੍ਰੀ ਸੂਤਰ ਕ੍ਰਿਤਾਂਗ

ਸ੍ਰੀ ਸੂਤਰ ਕ੍ਰਿਤਾਂਗ ਸੂਤਰ ਦੀ 12 ਅੰਗ ਸਾਸਤਰਾ ਵਿੱਚ 2 ਨੰਬਰ ਤੇ ਗਿਣਤੀ ਕੀਤੀ ਜਾਂਦੀ ਹੈ। ਇਹ ਗਰੰਥ ਗੂੜ ਦਾਰਸਨਿਕ ਚਰਚਾਵਾਂ ਨਾਲ ਭਰਿਆ ਪਿਆ ਹੈ ਭਗਵਾਨ ਮਹਾਵੀਰ ਦੇ ਸਮੇਂ ਦੇ 363 ਦਾਰਸਨਿਕ ਮਤਾ ਦੇ ਜਿਕਰ ਤੋਂ ਛੁਟ ਹੋਰ ਵੀ ਕਈ ਇਤਿਹਾਸਿਕ ਅਧਿਐਨ ਹਨ। ਇਹ ਗਰੰਥ ਵਿਸਾਲ ਹੈ। ਇਸਦੇ ਪੰਨੇਂ 493+20 ਹਨ। ਅਨੁਵਾਦ ਵਿੱਚ ਟੀਕਾ ਦੀ ਸਹਾਇਤਾ ਲਈ ਗਈ। ਇਸ ਗਰੰਥ ਦੀ ਭਾਸ਼ਾ ਵੀ ਕਾਫੀ ਪ੍ਰਾਚੀਨ ਹੈ। ਇਸ ਦਾ ਵਿਮੋਚਨ ਜੈਨ ਅਚਾਰਿਆ ਸ੍ਰੀ ਸੁਸੀਲ ਕੁਮਾਰ ਜੀ ਮਹਾਰਾਜ ਨੇ ਵਰਲਡ ਜੈਨ ਕਾਂਗਰਸ ਦਿੱਲੀ ਦੇ ਮੌਕੇ ਤੇ ਵਿਗਿਆਨ ਭਵਨ ਵਿੱਚ ਕੀਤਾ।



ਪ੍ਰੇਰਕਾ :- ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ

## ਵੀਰਥੁਈ

ਭਗਵਾਨ ਮਹਾਂਵੀਰ ਦੇ ਪ੍ਰਮੁੱਖ ਚੇਲੇ ਗਣਧਰ ਸੁਧਰਮਾ ਸਵਾਮੀਂ ਜੀ ਰਚਿੱਤ ਇਹ ਪ੍ਰਾਕ੍ਰਿਤ ਭਾਸ਼ਾ ਵਿੱਚ ਭਗਵਾਨ ਮਹਾਂਵੀਰ ਦੀ ਸ਼ਤੁਤੀ ਹੈ। ਪੱਛਮੀਂ ਜਰਮਨੀਂ ਦੀ ਪ੍ਰਸਿੱਧ ਜੈਨ ਵਿਦਵਾਨ ਡਾ: ਮੇਤੇ ਨੇ ਇਸਨੂੰ ਸੰਸਾਰ ਦੀ ਸਭ ਤੋਂ ਵੱਧ ਪੁਰਾਤਨ ਕਵਿਤਾ ਆਖਿਆ ਹੈ ਇਹ ਛੰਦ, ਅਲੰਕਾਰਾਂ ਪੱਖੋਂ ਪੂਰਨ ਹੈ। ਇਸ ਪੁਸਤਕ ਦੇ ਪੰਨੇਂ 12 ਹਨ।

## ਭਕਤਾਮਰ ਸਤੋਤਰ

ਅਚਾਰਿਆ ਮਾਨਤੁੰਗ ਨੇ ਸੰਸਕ੍ਰਿਤ ਵਿੱਚ ਜੋ ਭਗਵਾਨ ਰਿਸ਼ਵ ਦੇਵ ਦੀ ਸਤੁਤੀ ਕੀਤੀ ਸੀ ਉਸਦਾ ਪਹਿਲਾ ਪੰਜਾਬੀ ਅਨੁਵਾਦ ਹੈ।

## ਕਲਿਆਨ ਮੰਦਰ ਸਤੋਤਰ

ਅਚਾਰਿਆ ਸਿੱਧ ਸੇਨ ਦਿਵਾਕਰ ਰਚਿੱਤ ਇਹ ਸੰਸਕ੍ਰਿਤ ਰਚਨਾਂ 23 ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਦੇ ਗੁਣਾਂ ਦਾ ਵਰਨਣ ਕਰਦੀ ਹੈ। ਉਪਰੋਕਤ ਦੋਹਾਂ ਦਾ ਅਨੁਵਾਦ ਪੁਰਸ਼ੋਤਮ ਪ੍ਰਗਿਆ ਦੇ ਅੰਕ 2-3 ਵਿੱਚ ਛਪ ਚੁੱਕਾ ਹੈ। ਦੋਹਾਂ ਰਚਨਾਵਾਂ ਦਾ ਭਾਰਤੀ ਤੇ ਵਿਦੇਸੀ ਭਾਸ਼ਾਵਾਂ ਵਿੱਚ ਕਈ ਅਨੁਵਾਦ ਛਪ ਚੁੱਕੇ ਹਨ।

## ਅਚਾਰਿਆ ਸ੍ਰੀ ਤੁਲਸੀ ਜੀ

ਅਚਾਰਿਆ ਤੁਲਸੀ ਜੀ ਦੀ ਜਾਣਕਾਰੀ ਕਰਾਉਣ ਵਾਲੀ ਪੰਜਾਬੀ ਵਿੱਚ ਇੱਕ ਰਚਨਾਂ ਹੈ।

ਇਸ ਤੋਂ ਛੁੱਟ ਭਾਸ਼ਾ ਵਿਭਾਗ ਦੇ ਪੰਜਾਬ ਕੋਸ ਭਾਗ 4 ਪੰਜਾਬੀ ਕੋਸ 25 ਭਾਗ ਲਈ ਅਸੀਂ ਜੈਨ ਧਰਮ ਦੇ ਭਿੰਨ - ਭਿੰਨ ਵਿਸ਼ਿਆਂ ਤੇ ਐਂਟਰੀਆਂ ਲਿਖੀਆਂ ਹਨ।

# ਸਾਡਾ ਹਿੰਦੀ ਸਾਹਿਤ

ਹਿੰਦੀ ਭਾਰਤ ਦੀ ਰਾਸਟਰ ਭਾਸ਼ਾ ਤੋਂ ਛੁਟ ਲਿੰਕ ਭਾਸਾ ਵੀ ਹੈ। ਅਸੀਂ ਪੰਜਾਬੀ ਜੈਨ ਸਾਹਿਤ ਤੋਂ ਛੁੱਟ ਕੁਝ ਰਚਨਾਵਾਂ ਹਿੰਦੀ ਭਾਸ਼ਾ ਵਿੱਚ ਵੀ ਕੀਤੀਆਂ ਹਨ। ਜਿੰਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ।

## ਸ਼੍ਰਮਣੋਪਾਸਕ ਪੁਰਸ਼ੋਤਮ ਜੈਨ

ਇਸ ਪੁਸਤਕ ਦੀ ਰਚਨਾਂ ਰਵਿੰਦਰ ਜੈਨ ਨੇ ਕੀਤੀ ਹੈ। ਇਸ ਪੁਸਤਕ ਵਿੱਚ ਧਰਮ ਭਰਾ ਪੁਰਸੋਤਮ ਜੈਨ ਦਾ ਸੰਖੇਪ ਪਰਿਚੇ ਹੈ। ਸੁਰੂ ਵਿੱਚ ਪ੍ਰਸਿੱਧ ਜੈਨ ਉਪਾਸਕਾ ਦਾ ਵਰਨਣ ਕਾਂਫੀ ਮਹੱਤਵਪੂਰਨ ਹੈ। ਇਸ ਪੁਸਤਕ ਦਾ ਵਿਮੋਚਨ ਭਾਰਤ ਦੇ ਰਾਸਟਰਪਤੀ ਗਿਆਨੀ ਜੈਲ ਸਿੰਘ ਜੀ ਨੇ 27 ਫਰਵਰੀ, 1687 ਨੂੰ ਰਾਸਟਰਪਤੀ ਭਵਨ ਵਿੱਚ ਕੀਤਾ। ਪੁਸਤਕ ਵਿੱਚ ਕੁਝ ਚਿੱਤਰ ਵੀ ਹਨ।

## ਗੁਣ ਸਥਾਨ

ਗੁਣ ਸਥਾਨ ਉਸ ਜੈਨ ਸਿਧਾਂਤ ਦਾ ਨਾਂ ਹੈ ਜੋ ਆਤਮਾਂ ਨੂੰ ਮੁਕਤੀ ਵਲ ਲੈ ਜਾਣ ਦੀ ਪ੍ਰਕ੍ਰਿਆ ਹੈ। ਅਸੀਂ ਇਸ ਵਾਰੇ ਲੇਖ ਹਿੰਦੀ ਪੱਤਰ ਗੁਣ ਸਥਾਨ ਵਿੱਚ ਲਿਖਿਆ ਹੈ।

## ਸਮੱਰਪਿਤ ਜੀਵਨ

ਇਸ ਪੁਸਤਕ ਵਿੱਚ ਧਰਮ ਭਰਾ ਪੁਰਸੋਤਮ ਜੈਨ ਨੇ ਆਪਣੇਂ ਧਰਮ ਭਰਾ ਰਵਿੰਦਰ ਜੈਨ ਦਾ ਸੰਖੇਪ ਜੀਵਨ ਪੇਸ਼ ਕੀਤਾ ਹੈ। ਇਸ ਪੁਸਤਕ ਦਾ ਵਿਮੋਚਨ ਪੰਜਾਬੀ ਦੀ ਪ੍ਰਸਿੱਧ ਲੇਖਿਕਾ ਡਾ: ਅੰਮਿਤਾ ਪ੍ਰੀਤਮ ਨੇ ਨਵੀਂ ਦਿੱਲੀ ਵਿਖੇ ਕੀਤਾ।

## ਜੈਨ ਜਗਤ ਕੀ ਜਯੋਤਿਰਮਯ ਸ਼੍ਰਮਣੀਆ

ਇਸ ਛੋਟੀ ਪੁਸਤਕ ਵਿੱਚ ਜੈਨ ਧਰਮ ਦੀ ਪੁਰਾਤਨ ਸਾਧਵੀਆਂ ਦਾ ਇਤਿਹਾਸਕ ਵਰਨਣ ਹੈ। ਇਸ ਦੇ 85 ਪੰਨੇ ਹਨ।

## ਮਹਾਸ਼੍ਰਮਣੀ

ਜਿਨ ਸਾਸਨ ਪ੍ਰਭਾਵਿਕਾ, ਸਾਧਵੀ ਰਤਨ, ਉਪ ਪ੍ਰਵਤਨੀਂ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦਾ ਇਹ ਪਹਿਲਾ ਜੀਵਨ ਚਾਰਿੱਤਰ ਹੈ, ਜੋ ਉਹਨਾਂ ਦੇ ਸਾਧਵੀ ਜੀਵਨ ਦੇ 40 ਸਾਲ ਸੰਪੂਰਨ ਹੋਣ ਤੇ ਉਨ੍ਹਾਂ ਨੂੰ ਅਰਪਣ ਕੀਤਾ ਗਿਆ। ਇਸ ਪੁਸਤਕ ਦੀ ਭੂਮਿਕਾ ਭਾਰਤ

ਦੇ ਉਸ ਸਮੇਂ ਦੇ ਰਾਸਟਰਪਤੀ ਗਿਆਨੀ ਜ਼ੈਲ ਸਿੰਘ ਜ਼ੀ ਨੇ ਲਿਖੀ ਹੈ। ਇਸ ਪੁਸਤਕ ਦੇ 230 ਪੰਨੇਂ ਹਨ। ਇਸ ਪੁਸਤਕ ਦਾ ਵਿਮੋਚਨ ਪੰਜਾਬੀ ਦੀ ਪ੍ਰਸਿੱਧ ਲੇਖਿਕਾ ਡਾ: ਅੰਮ੍ਰਿਤਾ ਪ੍ਰੀਤਮ ਜੀ ਨੇ ਕੀਤਾ।

## ਆਸਥਾਂਜਲੀ

ਵਿਸ਼ਵ ਕੇਸ਼ਰੀ ਸ੍ਰੀ ਵਿਮਲ ਮੁਨੀ ਜੀ ਮਹਾਰਾਜ ਦੇ ਸਾਧੂ ਜੀਵਨ ਦੇ 50 ਸਾਲ ਦਾ ਜਸ਼ਨ ਜਲੰਧਰ ਵਿਖੇ ਮਨਾਇਆ ਗਿਆ। ਇਸ ਮੌਕੇ ਤੇ ਉਨ੍ਹਾਂ ਨੂੰ ਉਹਨਾਂ ਦੀ ਸਮਾਜ ਤੇ ਧਰਮ ਪ੍ਰਤਿ ਕੀਤੀਆਂ ਸੇਵਾਵਾਂ ਬਦਲੇ ਇੱਕ ਅਭਿਨੰਦਨ ਗ੍ਰੰਥਭੇਂਟ ਕੀਤਾ ਗਿਆ। ਇਸ ਗਰੰਥ ਦੇ ਹਿੰਦੀ ਤੇ ਪੰਜਾਬੀ ਵਿਭਾਗ ਦੇ ਅਸੀ ਸੰਪਾਦਕ ਬਣੇ। ਇਸ ਗ੍ਰੰਥ ਵਿੱਚ ਸਾਡੇ ਹਿੰਦੀ, ਪੰਜਾਬੀ ਦੋਹਾਂ ਭਾਸਾਵਾਂ ਵਿੱਚ ਖੋਜ ਲੇਖ ਹਨ। ਹਿੰਦੀ ਲੇਖ ਭਗਵਾਨ ਮਹਾਵੀਰ ਸੇ ਅਚਾਰਿਆ ਸ੍ਰੀ ਤਕ ਕੀ ਪ੍ਰੰਪਰਾ ਪ੍ਰੰਜਾਬੀ ਲੇਖ ਬੋਧ ਗਰੰਥਾਂ ਵਿੱਚ ਭਗਵਾਨ ਮਹਾਂਵੀਰ ਅਸੀਂ ਲਿਖੇ

## ਅਨਜਾਨੇ ਰਿਸ਼ਤੇ


ਪਾਕੇਟ ਸਾਈਜ ਵਿੱਚ ਇਹ ਆਪਣੀਂ ਕਿਸਮ ਦੀ ਇੱਕੋ - ਇੱਕ ਕਿਤਾਬ ਹੈ। ਜਿਸ ਵ੍ਰਿੱਚ ਪੁਨਰ ਜਨਮ, ਆਤਮਾਂ, ਪ੍ਰਮਾਤਮਾਂ, ਕਰਮ ਅਤੇ ਸੁਪਨਿਆਂ ਵਾਰੇ ਹੈ। ਲੇਖਕ ਧਰਮ ਭਰਾ ਪੁਰਸ਼ੋਤਮ ਜੈਨ ਅਤੇ ਸੰਪਾਦਕ ਰਵਿੰਦਰ ਜੈਨ ਹਨ। ਇਸ ਪੁਸਤਕ ਦੇ ਅੰਸ਼ ਪੰਜਾਬੀ ਪ੍ਰਤਿਕਾ ਨਾਗਮਣੀ ਦਿੱਲੀ ਦੇ ਜਨਵਰੀ 1991 ਦੇ ਅੰਕ ਵਿੱਚ ਛਪ ਚੁੱਕੇ ਹਨ।

## ਪੁਰਸ਼ੋਤਮ ਪ੍ਰਗਿਆ

ਹਿੰਦੀ - ਪੰਜਾਬੀ - ਅੰਗਰੇਜੀ ਭਾਸ਼ਾ ਵਿੱਚ ਨਵੇਂ ਤੇ ਪੁਰਾਣੇਂ ਜੈਨ ਧਰਮ ਸਬੰਧੀ ਲੇਖਾਂ ਦਾ ਸੰਗ੍ਰਿਹ ਇਸ ਵਿੱਚ ਦਰਜ ਹੈ। ਇਹ ਅੰਕ ਰਵਿੰਦਰ ਜੈਨ ਮਾਲੇਰ ਕੋਟਲਾ ਲੇਖਾਂ ਨੇ ਆਪਣੇ ਧਰਮ ਭਰਾ ਪੁਰਸੋਤਮ ਜੈਨ ਦੇ ਨਾ ਨਾਲ ਸੁਰੂ ਕੀਤੀ ਹੈ। ਇਨ੍ਹਾਂ ਲੇਖਾਂ ਦਾ ਸੰਪਾਦਕ ਰਵਿੰਦਰ ਜੈਨ ਹੈ।

## ਸ਼੍ਰਾਵਕ ਸ਼੍ਰੀ ਨਾਥ ਰਾਮ ਜੈਨ ਕੁਨਰਾਂ

ਮਹਾਨ ਸਮਣੋਂਪਾਸਕ ਸ੍ਰੀ ਨਾਥ ਰਾਮ ਜੈਨ ਜੀ ਕੁਨਰਾ ਵਾਰੇ ਜਾਨਕਾਰੀ ਦੇਣ ਵਾਲੀ ਇਹ ਕ੍ਰਿਤ ਹੈ। ਇੰਟਰਨੇਸਨਲ ਮਹਾਵੀਰ ਜੈਨ ਵੇਜਿਟੇਰਿਅਨ ਅਵਾਰਡ ਆਪ ਜੀ ਦੀ ਯਾਦ ਵਿੱਚ ਸਾਡੀ ਸਮ੍ਰਿਤਿ ਵੱਲੋਂ ਦਿੱਤਾ ਜਾਂਦਾ ਹੈ।



परस्परोपग्रहो जीवानाम्

卐

ਇੰਟਰਨੇਸਨਲ ਪਾਰਵਤੀ ਜੈਨ ਅਵਾਰਡ ਹਿੰਦੀ ਦੀ ਪਹਿਲੀ ਜੈਨ ਇਸਤਰੀ ਲੇਖਿਕਾ ਦੀ ਯਾਦ ਵਿੱਚ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਂਜ ਦੀ ਪ੍ਰੇਣਾਂ ਨਲ ਸਥਾਪਿਤ ਕੀਤਾ ਗਿਆ।

## ਪ੍ਰਾਪਤ ਕਰਨ ਵਾਲਿਆਂ ਦੇ ਨਾਂ

[1] ਡਾਕਟਰ ਵੀ. ਭੱਟ ਪੰਜਾਬੀ ਯੂਨੀਵਰਸਿਟੀ ਪਟਿਆਲਾ।

[2] ਡਾਕਟਰ ਕਲਾਸ ਬਰੂਣ ਪੱਛਮੀ ਜਰਮਨੀ

[3] ਡਾਕਟਰ ਸੀ. ਕੈਯਾ ਪੇਰਿਸ ਯੂਨੀਵਰਸਿਟੀ ਫਰਾਂਸ।

[4] ਡਾਕਟਰ ਨਲੀਨੀ ਬਲਵੀਰ ਪੇਰਿਸ ਯੂਨੀਵਰਸਿਟੀ ਫਰਾਂਸ।

[5] ਡਾਕਟਰ ਮੁਨੀ ਸ੍ਰੀ ਨਗਰਾਜ ਜੀ ਮਹਾਰਾਜ।

[6] ਡਾਕਟਰ ਦਮੋਦਰ ਸ਼ਾਸਤਰੀ ਲਾਲ ਬਹਾਦਰ ਸ਼ਾਸਤਰੀ ਕੇਂਦਰੀ ਸੰਸਕ੍ਰਿਤ ਵਿੱਦਿਆ ਪੀਠ ਨਵੀ ਦਿੱਲੀ।

[7] ਡਾਕਟਰ (ਸ੍ਰੀਮਤੀ) ਅੰਮ੍ਰਿਤਾ ਪ੍ਰੀਤਮ ਨਵੀ ਦਿਲੀ

# ਸਨਮਾਨ



ਇੰਟਰਨੈਸ਼ਨਲ ਪਾਰਵਤੀ ਜੈਨ ਅਵਾਰਡ ਪੰਜਾਬੀ ਦੀ ਪ੍ਰਸਿਧ ਲੇਖਿਕਾ ਡਾਕਟਰ ਅਮ੍ਰਿਤਾ ਪ੍ਰੀਤਮ ਐਮ. ਪੀ. ਨਵੀ ਦਿੱਲੀ ਨੂੰ ਭੇਂਟ ਕਰਦੇ ਹੋਏ ਸੰਯੋਜਕ ਸਾਹਿਬ ਸ੍ਰੀ ਪੁਰਸ਼ੋਤਮ ਜੈਨ।

# ਅਣਛਪਿਆ ਸਾਹਿਤ (ਪੰਜਾਬੀ/ਹਿੰਦੀ)

1) ਭਗਵਾਨ ਮਹਾਵੀਰ ਦੇ ਪੰਜ ਸਿਧਾਂਤ। 2) ਨਿਰਆਵਲੀਕਾ। 3) ਪਟੀਆਂ 4) ਕੱਪਵੜੀਆ 5) ਪੂਫ ਚੁਲੀਕਾ 6) ਬਨੌਦਸਾ 7) ਜਬੂੰਦੀਪ ਗਾਈਡ 8) ਅਚਾਰਿਆ ਦੇਸ਼ ਭੂਸ਼ਨ ਜੀ 9) ਜੈਨ ਤੀਰਥ ਯਾਤਰਾ 10) ਜੈਨ ਅਚਾਰਿਆ ਵਿਜੈ ਇੰਦਰ ਦਿੰਨ ਸੂਰੀ ਜੀ 11) ਸਮਣ ਸੁਤ 12) ਸੁਪਨਿਆਂ ਤੇ ਅਧਾਰਿਤ ਜੈਨ ਮੰਦਰ।

ਹਿੰਦੀ :- 1) ਸ੍ਰਮਣੋਪਾਸਕ ਪੁਰਸ਼ੋਤਮ ਜੈਨ-ਏਕ ਸਮਿਖਿਆਤਕ ਅਧਿਐਨ 2) ਮੇਰੇ ਸਾਹਿਬ-ਪਤਰੋ ਕੇ ਪਰਿਪੇਕਸ਼ ਮੇਂ 3) ਨਿਰਆਵਲੀਕਾ :- ਅਨੁਵਾਦਕ :- ਸਵਰਗਵਾਸੀ ਸ੍ਰੀ ਆਤਮਾ ਰਾਮ ਜੀ, ਮੁਖ ਸੰਪਾਦਕ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਸੰਪਾਦਕ :- ਰਵਿੰਦਰ ਜੈਨ-ਪੁਰਸ਼ੋਤਮ ਜੈਨ 4) ਮੰਖਲੀ ਪੁੱਤਰ ਗੋਸ਼ਾਲਕ !

ਛਾਪਕ :- ਐਮ. ਕੇ.-ਜੇ. ਕੇ. ਪ੍ਰਿੰਟਰਜ, ਕਲੱਬ ਚੌਂਕ, ਮਲੇਰਕੋਟਲਾ।